# ਸੰਤ ਮੰਡਲ ਠਾਕੁਰ ਬਿਸ੍ਰਾਮੁ

ਭੈਰਉ ਮਹਲਾ ੫ ॥

ਸੰਤ ਮੰਡਲ ਮਹਿ ਹਰਿ ਮਨਿ ਵਸੈ ॥

ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥

ਸੰਤ ਮੰਡਲ ਮਹਿ ਨਿਰਮਲ ਰੀਤਿ ॥

ਸੰਤਸੰਗਿ ਹੋਇ ਏਕ ਪਰੀਤਿ ॥੧॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਨੇ, ਭੈਰਉ ਰਾਗ ਵਿਚ ਉਚਾਰਣ ਕੀਤਾ ਹੈ ਅਤੇ ਪੰਨਾ ੧੧੪੬ ਤੇ ਦਰਜ ਹੈ। ਇਸ ਸ਼ਬਦ ਵਿਚ ਗੁਰੂ ਸਾਹਿਬ ਸੰਤ, ਭਗਤ ਜਨਾਂ ਦੀ ਸੰਗਤ ਦੀ ਅਤਿ ਦੀ ਲੋੜ ਅਤੇ ਉਨ੍ਹਾਂ ਦੇ ਮੰਡਲ, ਜੋ ਅਸਲ ਸਾਧ ਸੰਗਤਿ ਹੈ, ਦੀ ਮਹਿਮਾ ਗਾ ਰਹੇ ਹਨ। ਅਧਿਆਤਮਕਤਾ ਦੇ ਰਾਹ ਤੇ, ਸਾਧੂ, ਸੰਤ ਦੀ ਸੰਗਤਿ ਅਤੇ ਉਨ੍ਹਾਂ ਦੀ ਕਿਰਪਾ ਤੋਂ ਬਿਨਾਂ ਬਿਲਕੁਲ ਨਹੀਂ ਚਲਿਆ ਜਾ ਸਕਦਾ। ਸਾਧੂ ਦੀ ਸੰਗਤਿ ਤੋਂ ਬਿਨਾਂ, ਅਧਿਆਤਮਕ ਅਵੱਸਥਾ, ਅਗੇ ਹੀ ਨਹੀਂ ਵਧਦੀ।

ਇਸੇ ਕਰਕੇ, ਪੰਜਵੇਂ ਪਾਤਸ਼ਾਹ ੮੨੮ ਪੰਨੇ ਤੇ ਸੰਤ ਜਨਾਂ ਨੂੰ ਬੇਨਤੀ ਕਰਦੇ ਹਨ ਕਿ ਤੁਹਾਡੇ ਚਰਣ ਹੋਣ ਤੇ ਮੇਰਾ ਮੱਥਾ ਹੋਵੇ, ਮੇਰੇ ਨੈਣਾਂ ਵਿਚ ਵੀ ਉਨ੍ਹਾਂ ਦੇ ਦਰਸ਼ਨ ਅਤੇ ਚਰਨਾਂ ਦੀ ਧੂੜ ਹੋਵੇ। ਕਿਰਪਾ ਇਹ ਕਰੋ ਕਿ ਗੁਰ-ਮੰਤਰ ਮੇਰੇ ਹਿਰਦੇ ਵਿਚ ਵਸ ਜਾਏ ਤੇ ਮੇਰਾ ਹਮੇਸ਼ਾ ਉਸ ਨਾਲ ਸੰਗ ਬਣਾ ਦਿਉ - 'ਐਸੀ ਕਿਰਪਾ ਮੋਹਿ ਕਰਹੁ।। ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ।। ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ।।' ਕਿਉਂਕਿ ਸਾਧੂ ਦੀ ਕਿਰਪਾ ਨਾਲ ਹੀ ਨਾਮ ਹਿਰਦੇ ਵਿਚ ਵਸਦਾ ਹੈ। ਪੰਨਾ ੧੯੩ ਤੇ ਫੁਰਮਾਣ ਕਰਦੇ ਹਨ ਕਿ ਸੰਤ ਦੀ ਕਿਰਪਾ ਨਾਲ ਹੀ ਹਿਰਦੇ ਵਿਚ ਨਾਮ ਦਾ ਨਿਵਾਸ ਹੁੰਦਾ ਹੈ - 'ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸ।।'

**ਅਰਥ** : ਗੁਰੂ ਸਾਹਿਬ ਸਮਝਾ ਰਹੇ ਹਨ ਕਿ ਸਾਧ ਜਨਾਂ ਦੀ ਸੰਗਤ ਕਰਨ ਨਾਲ ਹਰੀ ਪ੍ਰਭੂ ਹਿਰਦੇ ਵਿਚ ਆ ਵਸਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੧੦੦ ਤੇ, ਫ਼ੁਰਮਾਣ ਕਰਦੇ ਹਨ ਕਿ ਕਿਰਪਾਲੂ ਸਾਧੂ ਦੀ ਕਿਰਪਾ ਨਾਲ, ਇਹ ਮਨ, ਪ੍ਰਭੂ ਨਾਲ ਗਿਝ ਜਾਂਦਾ ਹੈ, ਭਾਵ ਹਰ ਵਕਤ ਉਹ ਮਨ ਵਿਚ ਵਸਿਆ ਰਹਿੰਦਾ ਹੈ - 'ਸੰਤਨ ਮੋ ਕਉ ਹਰਿ ਮਾਰਗਿ ਪਾਇਆ।। ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ।।' ਐਸਾ ਗਿਝਿਆ ਕਿ ਪ੍ਰਭੂ ਤੋਂ ਬਿਨਾਂ ਇਕ ਖਿੰਨ ਵੀ ਨਹੀਂ ਰਹਿ ਸਕਦਾ - 'ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ।।', ਪੰਨਾ ੩੬੯.

- - ਸਾਧ ਜਨਾਂ ਦੀ ਸੰਗਤਿ ਨਾਲ, ਕੀਤੇ ਗਏ ਸਭ ਪਾਪ ਭਜ ਜਾਂਦੇ ਹਨ।

ਪੰਜਵੇਂ ਪਾਤਸ਼ਾਹ, ਸੁਖਮਨੀ ਸਾਹਿਬ ਵਿਚ ਫ਼ੁਰਮਾਣ ਕਰਦੇ ਹਨ ਕਿ ਨਾਮ ਦੀ ਸ਼ਕਤੀ, ਮਹਿਮਾ, ਸੰਤ ਦੇ ਹਿਰਦੇ ਵਿਚ ਵਸਦੀ ਹੈ ਅਤੇ ਸੰਤ ਜਨ ਦੇ ਤੇਜ ਪ੍ਰਤਾਪ ਨਾਲ, ਹਰ ਤਰ੍ਹਾਂ ਦੇ ਪਾਪ ਦੂਰ ਹੋ ਜਾਂਦੇ ਹਨ - 'ਨਾਮ ਕੀ ਮਹਿਮਾ ਸੰਤ ਰਿਦ ਵਸੈ।। ਸੰਤ ਪ੍ਰਤਾਪਿ ਦੁਰਤੁ ਸਭੁ ਨਸੈ।।' ਅਤੇ - 'ਕੋਟਿ ਅਪ੍ਰਾਧ ਸਾਧ ਸੰਗਿ ਮਿਟੈ।।'

- - ਸਾਧੂ ਜਨਾਂ ਦੀ ਸੰਗਤਿ ਕਰਦਿਆਂ, ਮਨੁਖ ਦੀ ਜੀਵਨ ਜਗਤੀ, ਮੈਲ ਤੋਂ, ਭਾਵ, ਵਿਕਾਰਾਂ ਤੋਂ ਰਹਿਤ ਬਣ ਜਾਂਦੀ ਹੈ।

ਸੁਖਮਨੀ ਸਾਹਿਬ ਵਿਚ ਫ਼ੁਰਮਾਣ ਹੈ ਕਿ ਅਕਾਲ ਪੁਰਖ ਦੇ ਸੇਵਕ, ਭਾਵ, ਸੰਤ ਦੀ ਕਰਨੀ, ਹਮੇਸ਼ਾਂ ਨਿਰਮਲ ਹੁੰਦੀ ਹੈ - 'ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ।।' ਪੰਚਮ ਪਾਤਸ਼ਾਹ, ਪੰਨਾ ੪੫ ਤੇ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤਿ ਕਰਣ ਨਾਲ ਮਨੁਖ ਨਿਰਮਲ ਹੋ ਜਾਂਦਾ ਹੈ ਅਤੇ ਉਹ ਆਪ ਕਿਰਪਾ ਕਰ ਦਿੰਦਾ ਹੈ - 'ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ।।' ਪੰਨਾ ੫੦੨ ਤੇ ਫ਼ੁਰਮਾਣ ਕਰਦੇ ਹਨ ਕਿ ਜੋ ਮਨੁਖ, ਸਾਧੂ ਦੇ ਕੀਤੇ ਬਚਨਾਂ ਅਨੁਸਾਰ ਗੋਬਿੰਦ , ਵਾਹਗੁਰੂ ਦਾ ਨਾਮ ਸਿਮਰਦਾ ਹੈ, ਉਸ ਦੀ ਕਰਨੀ, ਰੀਤੀ, ਅਤਿ ਨਿਰਮਲ ਹੋ ਜਾਂਦੀ ਹੈ - 'ਮਿਲਿ ਸਾਧ ਬਚਨ ਗੋਬਿੰਦ ਧਿਆਏ ਮਹਾ ਨਿਰਮਲ ਰੀਤਿ।।'

- - ਸੰਤ ਦੀ ਸੰਗਤਿ ਕਰਦਿਆਂ, ਉਸ ਇਕ ਪ੍ਰਭੂ ਨਾਲ ਪ੍ਰੀਤ ਬਣ ਜਾਂਦੀ ਹੈ।੧।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਪਾਵਨ ਬਚਨ ਹਨ ਕਿ ਵਾਹਿਗੁਰੂ ਦੇ ਕਿਰਪਾ

ਦੇ ਖ਼ਜ਼ਾਨੇ ਸਦਕਾ ਗੁਰੂ ਨੇ ਹਰੀ ਦੀ ਭਗਤੀ ਦਿਤੀ ਤਾਂ ਵਾਹਗੁਰੂ ਨਾਲ ਪ੍ਰੀਤ ਬਣ ਆਈ - 'ਹਰਿ ਕ੍ਰਿਪਾ ਨਿਧਿ ਕੀਨੀ ਗੁਰਿ ਭਗਤਿ ਹਰਿ ਦੀਨੀ ਤਬ ਹਰਿ ਸਿਉ ਪ੍ਰੀਤਿ ਬਨਿ ਆਈ।।', ਪੰਨਾ ੬੬੯. ਸਾਧੂ ਦੀ ਸੰਗਤਿ ਕਰਣ ਨਾਲ ਪ੍ਰਭੂ ਮਿਠਾ ਲਗਣ ਲਗ ਜਾਂਦਾ ਹੈ, ਭਾਵ, ਉਸ ਨਾਲ ਪ੍ਰੀਤ ਹੋ ਜਾਂਦੀ ਹੈ - 'ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ।।', ਸੁਖਮਨੀ ਸਾਹਿਬ।

ਸੰਤ ਮੰਡਲੁ ਤਹਾ ਕਾ ਨਾਉ ॥

ਪਾਰਬ੍ਰਹਮ ਕੇਵਲ ਗੁਣ ਗਾਉ ॥੧॥ ਰਹਾਉ ॥

- - ਸੰਤ ਸਭਾ, ਭਾਵ, ਸਾਧ ਸੰਗਤ ਉਸ ਸਮੂਹ ਦਾ ਨਾਂ ਹੈ ਜਿਥੇ ਭਗਤ ਜਨਾਂ ਸੰਤਾਂ ਦੁਆਰਾ, ਸਿਰਫ਼, ਪਾਰਬ੍ਰਹਮ, ਪ੍ਰਭੂ ਦੇ ਗੁਣ ਗਾਏ ਜਾਂਦੇ ਹਨ, ਬੰਦਗੀ ਕੀਤੀ ਜਾਂਦੀ ਹੈ।੧।ਰਹਾਉ।

ਸ੍ਰੀ ਗੁਰੂ ਅਰਜਨ ਸਾਹਿਬ ਦਾ, ੧੯੧ ਪੰਨੇ ਤੇ, ਫ਼ੁਰਮਾਣ ਹੈ ਕਿ ਸੰਤ ਜਨ, ਸਭ ਦੇ ਮਧ ਹੀ ਰਹਿੰਦੇ ਦਿਸਦੇ ਹਨ ਪਰ ਹੁੰਦੇ ਸਭ ਤੋਂ ਅਲੇਪ ਹਨ। ਉਨ੍ਹਾਂ ਦੀ ਸੁਰਤਿ, ਸਦਾ ਪਾਰਬ੍ਰਹਮ ਵਿਚ ਲਗੀ ਰਹਿੰਦੀ ਹੈ - 'ਦੀਸਹਿ ਸਭ ਮਹਿ ਸਭ ਤੇ ਰਹਤੇ।। ਪਾਰਬ੍ਰਹਮ ਕਾ ਓਇ ਧਿਆਨੁ ਧਰਤੇ।।'

ਗੁਣ ਗਾਉਣ ਦਾ ਮੁਖ ਸਾਧਨ, ਸਿਮਰਨ ਕਰਨਾ ਜਾਂ ਬੰਦਗੀ ਕਰਨਾ ਹੈ, ਕਿਉਂਕਿ ਸਿਮਰਨ ਲਮੇਂ ਤੋਂ ਲਮੇਂ ਸਮੇਂ ਤਕ ਕਰਨਾ ਸੰਭਵ ਹੈ। ਗੁਣ ਗਾਉਣ ਦੇ ਕੁਝ ਹੋਰ ਵੀ ਮਹੱਤਵਪੂਰਣ ਸਾਧਨ ਹਨ, ਜਿਵੇਂ, ਗੁਰਬਾਣੀ ਗਾਇਨ, ਜਿਸਨੂੰ ਅਜ ਕੀਰਤਨ ਕਹਿੰਦੇ ਹਨ। ਇਹ ਲਿਵ ਜੋੜਨ ਵਿਚ ਬਹੁਤ ਸਹਾਈ ਹੁੰਦਾ ਹੈ, ਪਰ ਬਹੁਤ ਜ਼ਿਆਦਾ ਲਮੇਂ ਸਮੇਂ ਤਕ ਲਗਾਤਾਰ ਕਰਨਾ ਸੰਭਵ ਨਹੀਂ ਹੁੰਦਾ। ਗੁਰਬਾਣੀ ਦੀ ਵਿਆਖਿਆ ਕਰਨੀ ਤੇ ਸੁਣਨੀ ਅਤੇ ਗੁਰ ਇਤਿਹਾਸ ਅਤੇ ਬੰਦਗੀ ਕਰਨ ਵਾਲਿਆਂ ਦਾ ਇਤਿਹਾਸ ਸੁਣਨਾ ਤੇ ਸੁਣਾਉਣਾ, ਗੁਣ ਗਾਉਣ ਦੇ ਸਾਧਨ ਹਨ, ਜੋ ਸ਼ਰਧਾ ਪੈਦਾ ਕਰਦੇ ਹਨ ਤੇ ਲਿਵ ਜੋੜਨ ਵਿਚ ਸਹਾਈ ਹੁੰਦੇ ਹਨ, ਪਰ ਇਨ੍ਹਾਂ ਦਾ ਵੀ ਪ੍ਰਯੋਗ, ਮਨੁਖੀ ਸੀਮਤਤਾ ਕਰਕੇ, ਬਹੁਤ ਲਮੇਂ ਸਮੇਂ ਤਕ ਲਗਾਤਾਰ ਸੰਭਵ ਨਹੀਂ ਹੁੰਦਾ। ਸਿਖੀ ਤੋਂ ਬਾਹਰ, ਕਈ ਨ੍ਰਿਤ ਨੂੰ ਵੀ ਬੰਦਗੀ ਦਾ ਸਾਧਨ ਮੰਨਦੇ ਹਨ, ਭਾਵੇਂ ਗੁਰਮਤਿ ਵਿਚ ਇਹ ਸਾਧਨ ਪਰਵਾਨਤ ਨਹੀਂ।

ਸਾਧੂ ਦੀ ਸੰਗਤ ਵਿਚ, ਮੁਖ ਤੌਰ ਤੇ ਸਿਮਰਨ ਅਤੇ ਕੁਝ ਕੁ ਬਾਕੀ ਸਾਰੇ ਸਾਧਨ ਵੀ ਲਗਾਤਾਰ ਚਲਦੇ ਹਨ। ਜਦੋਂ ਅਤੇ ਜਿਉਂ ਜਿਉਂ ਸਿਮਰਣ ਦੀਆਂ ਅਵੱਸਥਾਵਾਂ ਵਧਦੀਆਂ ਹਨ ਤਿਉਂ ਤਿਉਂ ਸਿਰਫ਼ ਅੰਤਰੀਵ ਸਿਮਰਨ ਹੀ ਰਹਿ ਜਾਂਦਾ ਹੈ ਜਿਵੇਂ ਕਿ ਭਗਤ ਕਬੀਰ ਜੀ ਆਪਣੀ ਅਵਸਥਾ ਦਾ ਜ਼ਿਕਰ ਕਰਦੇ ਹਨ ਕਿ ਮੈਂ ਕਈ ਰੂਪ ਵਰਤ ਲਏ, ਸਾਜ਼ ਵੀ ਵਰਤ ਲਏ ਹੁਣ ਸਿਰਫ਼ ਰਾਮ ਨਾਮ ਦਾ ਹੀ ਸਹਾਰਾ ਲਿਆ ਹੈ, ਹੁਣ ਨਚਣਾ ਨਹੀਂ, ਨਾ ਹੀ ਕੋਈ ਹੋਰ ਸਾਜ਼ ਆਦਿ ਰਹਿ ਗਏ ਹਨ, ਆਖਿਰ ਤੇ ਤਾਂ ਸਿਰਫ਼ ਸਿਮਰਨ ਰਹਿ ਗਿਆ ਹੈ। ਭਗਤ ਜੀ ੪੮੩ ਪੰਨੇ ਤੇ ਫ਼ੁਰਮਾਣ ਕਰਦੇ ਹਨ - 'ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ।। ਤਾਗਾ ਤੰਤੁ ਸਾਜੁ ਸਭੁ ਥਾਕਾ ਰਾਮ ਨਾਮ ਬਸਿ ਹੋਈ।। ਅਬ ਮੋਹਿ ਨਾਚਨੋ ਨ ਆਵੈ।। ਮੇਰਾ ਮਨੁ ਮੰਦਰੀਆ ਨ ਬਜਾਵੈ।।'

ਭਗਤ ਜੀ ਨੇ ੩੨੯ ਪੰਨੇ ਤੇ, ਤਾਂ ਸਾਫ਼ ਸਪੱਸ਼ਟ ਫ਼ੁਰਮਾਣ ਕਰ ਦਿਤਾ ਕਿ ਗੁਰਮੰਤਰ ਦੇ ਦੋ ਅਖਰ ਹੀ ਵਾਰ ਵਾਰ ਉਚਾਰਣ ਕੀਤੇ ਜਾਣ, ਹੋਰ ਕੁਝ ਨਹੀਂ - 'ਕਹੁ ਕਬੀਰ ਅਖਰ ਦੁਇ ਭਾਖਿ।। ਹੋਇਗਾ ਖਸਮੁ ਤ ਲੇਇਗਾ ਰਾਖਿ।।'

ਹੋਰ ਅਨੇਕ ਫ਼ੁਰਮਾਣ ਹਨ ਜੋ ਵਾਰ-ਵਾਰ ਇਹੀ ਦਸਦੇ ਹਨ ਕਿ ਸੰਤ ਸੰਗਤਿ ਵਿਚ ਸਿਰਫ਼ ਪ੍ਰਭੂ ਦਾ ਨਾਮ ਹੀ ਪਰਧਾਨ ਹੁੰਦਾ ਹੈ ਅਤੇ ਉਨ੍ਹਾਂ ਵਿਚ ਭਵ ਸਾਗਰ ਤੋਂ ਪਾਰ ਕਰਾਉਣ ਦੀ ਸਮਰੱਥਾ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਪੰਨਾ ੧੧੮੨ ਤੇ ਫ਼ੁਰਮਾਣ ਹੈ - 'ਊਹਾ ਜਪੀਐ ਕੇਵਲ ਨਾਮ।। ਸਾਧੂ ਸੰਗਤਿ ਪਾਰਗਰਾਮ।।' ਅਤੇ ਇਹ ਵੀ ਫ਼ੁਰਮਾਣ ਕਰਦੇ ਹਨ ਕਿ ਸੰਤ ਦੀ ਸੰਗਤਿ ਵਿਚ ਮੁਖ ਕਾਰਜ, ਸਿਰਫ਼ ਨਾਮ ਜਪਣਾ ਹੀ ਹੁੰਦਾ ਹੈ - 'ਸੰਤਸੰਗਿ ਜਪਿ ਕੇਵਲ ਨਾਉ।।', ਪੰਨਾ ੧੯੯. ਪੰਨਾ ੧੮੩ ਤੇ ਇਹ ਬਚਨ ਵੀ ਹਨ ਕਿ ਸਾਧੂ ਤੋਂ ਹੀ, ਗੁਰ ਮੰਤਰ ਰੂਪ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਸਦੀ ਸੰਗਤਿ ਵਿਚ ਭਗਵੰਤ ਪ੍ਰਭੂ ਨੂੰ ਜਪਿਆ ਜਾ ਸਕਦਾ ਹੈ - 'ਸਾਧ ਸੰਗਿ ਜਪਿਓ ਭਗਵੰਤੁ।। ਕੇਵਲ ਨਾਮੁ ਦੀਓ ਗੁਰਿ ਮੰਤਿ।।' ਇਥੇ ਨਾਮ ਨੂੰ ਸਪੱਸ਼ਟ ਕਰਨ ਲਈ ਇਸ ਨੂੰ ਗੁਰ-ਮੰਤਰ ਦਾ ਜਾਪ ਵੀ ਦਸ ਦਿਤਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨਾਂ ਅਨੁਸਾਰ, ਸੰਤ, ਭਗਤ ਬੇਪਰਵਾਹ ਹੁੰਦੇ ਹਨ, ਉਹ ਕਿਸੇ ਦੀ ਪਰਵਾਹ ਹੇਠ ਨਹੀਂ ਆਉਂਦੇ, ਸਦਾ ਵਾਹਗੁਰੂ ਦੇ ਰੰਗ ਵਿਚ ਰੰਗੇ ਰਹਿੰਦੇ ਹਨ - 'ਸੰਤਨ ਅਵਰ ਨ ਕਾਹੂ ਜਾਨੀ।। ਬੇਪਰਵਾਹ ਸਦਾ

ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ।।', ਪੰਨਾ ੭੧੧.

ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥

ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥

ਸੰਤਸੰਗਿ ਹੋਇ ਨਿਰਮਲ ਬਾਣੀ ॥

ਸੰਤ ਮੰਡਲ ਮਹਿ ਨਾਮੁ ਵਖਾਣੀ ॥੨॥

ਅਰਥ : ਸਾਧੂ-ਸੰਗਤਿ ਕਰਣ ਨਾਲ ਹੀ ਜਨਮ ਮਰਨ ਤੋਂ ਛੁਟਕਾਰਾ ਮਿਲਦਾ ਹੈ। ਪੰਨਾ ੨੬੬ ਤੇ, ਸੁਖਮਨੀ ਸਾਹਿਬ ਵਿਚ ਵੀ ਇਹੀ ਫ਼ੁਰਮਾਣ ਹੈ ਕਿ ਜੇ ਕੋਈ ਜਨਮ-ਮਰਣ ਦੇ ਡਰ ਤੋਂ ਬਚਣਾ ਚਾਹੁੰਦਾ ਹੈ ਤਾਂ ਉਹ ਸਾਧੂ ਜਨਾਂ ਦੀ ਸਰਣ ਵਿਚ ਪੈ ਜਾਏ - 'ਜੇ ਕੋ ਜਨਮ ਮਰਣ ਤੇ ਡਰੈ।। ਸਾਧ ਜਨਾ ਕੀ ਸਰਨੀ ਪਰੈ।।' ਇਸੇ ਬਾਣੀ ਵਿਚ ਹੀ ਹੋਰ ਫ਼ੁਰਮਾਣ ਹੈ ਕਿ ਸਾਧੂ ਜਨਾਂ ਦੀ ਸੰਗਤ ਨਾਲ, ਸਿਰਫ਼ ਆਪਣਾ ਹੀ ਨਹੀਂ, ਸਗੋਂ ਸਾਰੇ ਕੁਟੰਬ ਦਾ, ਮਿਤਰਾਂ ਦਾ ਵੀ ਉਧਾਰ ਹੋ ਸਕਦਾ ਹੈ - 'ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ।।'

- - ਸੰਤ ਜਨਾਂ ਦੇ ਮੰਡਲ ਦੀ ਸੰਗਤਿ ਕਰਨ ਵਾਲੇ ਨੂੰ ਜਮ ਕੁਝ ਨਹੀਂ ਕਹਿ ਸਕਦੇ।

ਸੁਖਮਨੀ ਸਾਹਿਬ ਵਿਚ ਫ਼ੁਰਮਾਣ ਹੈ - 'ਸੰਤ ਕ੍ਰਿਪਾ ਤੇ ਜਮ ਤੇ ਛੁਟੈ।।' ਪੰਜਵੇਂ ਪਾਤਸ਼ਾਹ ਦਾ, ਪੰਨਾ ੧੦੧੭ ਤੇ ਫ਼ੁਰਮਾਣ ਹੈ ਕਿ ਪ੍ਰਭੂ ਨੇ ਕਿਰਪਾ ਕੀਤੀ ਹੈ ਤਾਂ ਸਾਧੂ ਦੀ ਸੰਗਤਿ ਪ੍ਰਾਪਤ ਹੋਈ ਹੈ ਅਤੇ ਗੁਰੂ ਦੀ ਕਿਰਪਾ ਨਾਲ, ਪ੍ਰਭੂ ਦਾ ਸਿਮਰਨ ਕੀਤਿਆਂ, ਜਮਕੰਕਰ ਕੁਝ ਨਹੀਂ ਕਹਿ ਸਕਦਾ - 'ਕਰਿ ਅਨੁਗ੍ਰਹੁ ਰਾਖਿ ਲੀਨੋ ਭਇਓ ਸਾਧੂ ਸੰਗੁ।।.. ਗੁਰ ਪ੍ਰਸਾਦੀ ਪ੍ਰਭੁ ਅਰਾਧੇ ਜਮਕੰਕਰੁ ਕਿਛੁ ਨ ਕਹੀ।।'

- - ਸੰਤ ਜਨਾਂ ਦੀ ਸੰਗਤਿ ਕਰਣ ਨਾਲ, ਮਨੁਖ ਦੀ ਬੋਲ ਬਾਣੀ ਮਿਠੀ ਹੋ ਜਾਂਦੀ ਹੈ। ਸੁਖਮਨੀ ਸਾਹਿਬ ਅਨੁਸਾਰ, ਸਾਧੂ ਦੀ ਸੰਗਤਿ ਕਰਣ ਵਾਲੇ ਦੇ ਬਚਨ ਮਿਠੇ ਹੋ ਜਾਂਦੇ ਹਨ ਅਤੇ ਉਸ ਵਿਚ ਅਤਿ ਦੀ ਨਿਮਰਤਾ ਆ ਜਾਂਦੀ ਹੈ - 'ਸਾਧ ਸੰਗਿ ਹੋਇ ਸਭ ਕੀ ਰੇਨ।। ਸਾਧ ਕੈ ਸੰਗਿ ਮਨੋਹਰ ਬੈਨ।।'

- - ਸੰਤ ਜਨਾਂ ਦੀ ਸੰਗਤਿ ਕਰਣ ਨਾਲ, ਮਨੁਖ, ਨਾਮ ਜਪਣ ਵਾਲਾ ਬਣ ਜਾਂਦਾ ਹੈ, ਕਿਉਂਕਿ ਸੰਤ ਜਨਾਂ ਦਾ ਮੁਖ ਕਾਰਜ ਨਾਮ ਜਪਾਉਣਾ ਹੀ ਹੁੰਦਾ ਹੈ, ਜਿਵੇਂ ਭਗਤ ਕਬੀਰ ਜੀ ਫ਼ੁਰਮਾਉਂਦੇ ਹਨ - 'ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ।। ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ।।', ਪੰਨਾ ੧੩੭੩.

ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਨੂੰ ਸਾਧੂ ਦਾ ਸੰਗ ਮਿਲਿਆ ਹੈ ਉਨ੍ਹਾਂ ਨੂੰ ਹੀ ਨਾਮ ਦਾ ਰੰਗ ਮਿਲਦਾ ਹੈ ਉਨ੍ਹਾਂ ਨੇ ਹੀ ਬ੍ਰਹਮ ਦੀ ਬੀਚਾਰ ਕੀਤੀ ਹੈ - 'ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ।।' ਸੁਖਮਨੀ ਸਾਹਿਬ ਅਨੁਸਾਰ, ਸਾਧੂ ਦੀ ਸੰਗਤਿ ਕਰਣ ਵਾਲਾ ਨਾਮ ਦਾ ਖਜ਼ਾਨਾ ਪ੍ਰਾਪਤ ਕਰ ਲੈਂਦਾ ਹੈ, ਇਸ ਕਰਕੇ ਸਾਧੂ ਤੋਂ ਕੁਰਬਾਨ ਹੋ ਜਾਈਏ - 'ਸਾਧ ਕੈ ਸੰਗਿ ਪਾਏ ਨਾਮ ਨਿਧਾਨ।। ਨਾਨਕ ਸਾਧੂ ਕੈ ਕੁਰਬਾਨ।।'

ਸੰਤ ਮੰਡਲ ਕਾ ਨਿਹਚਲ ਆਸਨੁ ॥

ਸੰਤ ਮੰਡਲ ਮਹਿ ਪਾਪ ਬਿਨਾਸਨੁ ॥

ਸੰਤ ਮੰਡਲ ਮਹਿ ਨਿਰਮਲ ਕਥਾ ॥

ਸੰਤਸੰਗਿ ਹਉਮੈ ਦੂਖ ਨਸਾ ॥੩॥

- - ਸਾਧੂ ਜਨਾਂ ਦੇ ਮੰਡਲ ਦਾ ਆਸਣ ਸਦੀਵੀ ਹੁੰਦਾ ਹੈ, ੨੩੭ ਪੰਨੇ ਤੇ ਸ੍ਰੀ ਗੁਰੂ ਅਰਜਨ ਸਾਹਿਬ ਦਾ ਵੀ ਅਜਿਹਾ ਹੀ ਬਚਨ ਹੈ - 'ਨਿਹਚਲ ਥਾਨੁ ਸਾਧ ਸੰਗਿ ਤਰੈ।।' ੮੯੯ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਸੰਤ ਜਨਾਂ ਦਾ ਭੋਜਨ, ਪ੍ਰੇਮ ਹੁੰਦਾ ਹੈ, ਨਾਮ ਆਹਾਰ ਹੁੰਦਾ ਹੈ ਅਤੇ ਉਨ੍ਹਾਂ ਦਾ ਆਸਣ ਅਚੱਲ, ਸਦੀਵੀ ਹੁੰਦਾ ਹੈ - 'ਭੋਜਨੁ ਭਾਉ ਕੀਰਤਨ ਆਧਾਰੁ।। ਨਿਹਚਲ ਆਸਨੁ ਬੇਸੁਮਾਰੁ।।'

- - ਸੰਤਾਂ ਦੀ ਸੰਗਤਿ ਕੀਤਿਆਂ ਪਾਪਾਂ ਦਾ ਨਾਸ ਹੋ ਜਾਂਦਾ ਹੈ। ਇਥੇ ਵੀ ਸੁਖਮਨੀ ਸਾਹਿਬ ਦੀ ਗਵਾਹੀ ਹੈ ਕਿ ਸਾਧੂ, ਸੰਤ ਦੀ ਸੰਗਤਿ ਕੀਤਿਆਂ ਪਾਪ ਭਜ ਜਾਂਦੇ ਹਨ - 'ਸਾਧੂ ਕੈ ਸੰਗਿ ਪਾਪ ਪਲਾਇਨ।।'

-- ਸੰਤ ਸਭਾ ਵਿਚ ਆਇਆਂ ਪ੍ਰਭੂ ਦੀ ਸਿਫ਼ਤ ਸਲਾਹ ਹੁੰਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੬੨ ਤੇ ਵਾਕ ਹੈ ਕਿ ਸਾਧੂ ਦੇ ਸਾਧੂ ਨੂੰ ਮਿਲ ਜਾਣ ਨਾਲ, ਉਸ ਦੇ ਦਸੇ ਮਾਰਗ ਤੇ ਤੁਰਨ ਨਾਲ ਸੰਤੋਖ ਆ ਜਾਂਦਾ ਹੈ ਅਤੇ ਜੇ ਗੁਰੂ ਵਿਚ ਸਮਾਅ ਹੀ ਜਾਈਏ ਤਾਂ ਉਸ ਵਾਹਗੁਰੂ ਦੀ ਅਕੱਥ ਕਥਾ ਦੀ ਵੀਚਾਰ ਵੀ ਆ ਜਾਂਦੀ ਹੈ - 'ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ।। ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ।।' ਸੁਖਮਨੀ ਸਾਹਿਬ ਅਨੁਸਾਰ ਮਨੁਖ ਨਾਮ ਜਪਣ ਵਾਲਾ ਬਣ ਜਾਂਦਾ ਹੈ - 'ਸਾਧ ਸੰਗਿ ਅੰਮ੍ਰਿਤ ਗੁਨ ਗਾਇਨ।।' ਪੰਨਾ ੧੧੯੨ ਤੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜੇ ਸਦਾ ਸੁਖ ਦੀ ਲੋੜ ਹੈ ਤਾਂ ਇਸ ਦਾ ਇਕੋ ਇਕ ਮਾਰਗ, ਗੁਰੂ ਸਾਹਿਬ ਨੇ ਸਾਧੂ ਦੀ, ਸੰਤ ਦੀ ਸੰਗਤਿ ਦਸਿਆ ਹੈ, ਉਥੇ ਸਿਰਫ਼ ਨਾਮ ਜਪਿਆ ਜਾਂਦਾ ਹੈ ਅਤੇ ਸੰਤ ਦੀ ਸੰਗਤਿ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਦੇ ਸਮਰੱਥ ਹੈ - 'ਜੇ ਲੋੜਹਿ ਸਦਾ ਸੁਖੁ ਭਾਈ।। ਸਾਧੂ ਸੰਗਤਿ ਗੁਰਹਿ ਬਤਾਈ।। ਊਹਾ ਜਪੀਐ ਕੇਵਲ ਨਾਮ।। ਸਾਧੂ ਸੰਗਤਿ ਪਾਰਗਰਾਮ।।'

-- ਸੰਤ ਦੇ ਸੰਗ, ਹਉਮੈ ਦੇ ਦੁਖ ਦਾ ਨਾਸ ਹੋ ਜਾਂਦਾ ਹੈ। ਸਾਧੂ ਦੀ ਸੰਗਤਿ ਕੀਤਿਆਂ ਹੰਕਾਰ ਮਿਟ ਜਾਂਦਾ ਹੈ ਅਤੇ ਮਨੁਖ ਵਿਚ ਇਤਨੀ ਨਿਮਰਤਾ ਆ ਜਾਂਦੀ ਹੈ ਕਿ ਜਿਵੇਂ ਉਹ ਧੂੜ ਬਣ ਜਾਂਦਾ ਹੈ - 'ਸਾਧ ਕੈ ਸੰਗਿ ਮਿਟੈ ਅਭਿਮਾਨ।।.. ਸਾਧ ਸੰਗਿ ਹੋਇ ਸਭ ਕੀ ਰੇਨ।।', ਪੰਨਾ ੨੭੧.

ਪੰਚਮ ਪਾਤਸ਼ਾਹ, ੧੯੮ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਸੰਤ ਦੀ ਸੰਗਤਿ ਕੀਤਿਆਂ ਹੰਕਾਰ ਦਾ ਨਾਸ ਹੋ ਜਾਂਦਾ ਹੈ ਤਾਂ ਫਲਸਰੂਪ ਸਿਰਫ਼ ਏਕੰਕਾਰ, ਕਰਤਾ ਪਰਮਾਤਮਾ ਹੀ ਨਜ਼ਰ ਆਉਣ ਲਗ ਪੈਂਦਾ ਹੈ - 'ਸੰਤ ਕੈ ਸੰਗਿ ਮਿਟਿਆ ਅਹੰਕਾਰੁ।। ਦ੍ਰਿਸਟਿ ਆਵੈ ਸਭੁ ਏਕੰਕਾਰੁ।।' ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨਾਂ ਅਨੁਸਾਰ, ਹਉਮੈ ਕਰ ਕੇ ਹੀ ਵਾਹਗੁਰੂ ਸਾਡੇ ਨਾਲ ਹੁੰਦਿਆਂ ਵੀ ਨਜ਼ਰ ਨਹੀਂ ਪੈਂਦਾ, ਜਿਉਂ ਹੀ ਹਉਮੈ ਦਾ ਨਾਸ ਹੁੰਦਾ ਹੈ ਤਾਂ ਜੀਵ ਇਸਤਰੀ, ਆਪਣੇ ਕੰਤ, ਪਤੀ ਪ੍ਰਭੂ ਵਿਚ ਸਮਾ ਜਾਂਦੀ ਹੈ - 'ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ।। ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ।।', ਪੰਨਾ ੧੨੬੩ ਅਤੇ 'ਹਉਮੈ ਜਾਈ ਤਾ ਕੰਤ ਸਮਾਈ।। ਤਉ ਕਾਮਣਿ ਪਿਆਰੇ ਨਵ ਨਿਧਿ ਪਾਈ।।', ਸ੍ਰੀ ਗੁਰੂ ਨਾਨਕ

ਸਾਹਿਬ, ਪੰਨਾ ੨੭੦.

ਸੰਤ ਮੰਡਲ ਕਾ ਨਹੀ ਬਿਨਾਸੁ ॥

ਸੰਤ ਮੰਡਲ ਮਹਿ ਹਰਿ ਗੁਣਤਾਸੁ ॥

ਸੰਤ ਮੰਡਲ ਠਾਕੁਰ ਬਿਸ੍ਰਾਮੁ ॥

ਨਾਨਕ ਓਤਿ ਪੋਤਿ ਭਗਵਾਨੁ ॥੪॥੨੪॥੩੭॥

-- ਸਾਧੂ ਮੰਡਲ ਦਾ ਕਦੇ ਵਿਨਾਸ਼ ਨਹੀਂ ਹੁੰਦਾ।

ਸ੍ਰੀ ਗੁਰੂ ਅਰਜਨ ਸਾਹਿਬ ਅਨੁਸਾਰ, ਬ੍ਰਹਮਗਿਆਨੀ ਦਾ ਕਦੇ ਨਾਸ ਨਹੀਂ ਹੁੰਦਾ - 'ਬ੍ਰਹਮ ਗਿਆਨੀ ਕਾ ਨਹੀ ਬਿਨਾਸ।।' ਇਸ ਲਈ ਸੰਤ ਸਰੀਰਕ ਮੌਤ ਤੋਂ ਬਾਅਦ ਵੀ ਸਾਥ ਨਿਭਾਉਂਦੇ ਹਨ। ਇਸੇ ਕਰਕੇ ਪੰਚਮ ਪਾਤਸ਼ਾਹ ਨੇ ੧੧੦੨ ਪੰਨੇ ਤੇ ਬੇਨਤੀ ਰੂਪ ਫ਼ੁਰਮਾਣ ਕੀਤਾ ਹੈ ਕਿ ਕਚੇ ਬੰਦਿਆਂ ਨਾਲ ਦੋਸਤੀ ਤੋੜੀਏ ਅਤੇ ਸੰਤ ਜਨਾਂ ਦੀ ਸੰਗਤ ਕਰੀਏ ਜੋ ਪਕੇ ਹਨ ਅਤੇ ਮੋਇਆਂ ਵੀ ਸਾਥ ਨਿਭਾਉਂਦੇ ਹਨ - 'ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।। ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ।।'

-- ਵਾਹਿਗੁਰੂ, ਜੋ ਗੁਣਾਂ ਦਾ ਖਜ਼ਾਨਾ ਹੈ, ਉਹ ਸੰਤ ਮੰਡਲ ਵਿਚ ਹੀ ਵਸਦਾ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ, ਪੰਨਾ ੩੨ ਤੇ ਫ਼ੁਰਮਾਣ ਹੈ ਕਿ ਭਗਤ ਜਨ ਵਾਹਗੁਰੂ ਦੇ ਘਰ ਨਾਮ ਜਪਦੇ ਹਨ ਅਤੇ ਉਨ੍ਹਾਂ ਨੂੰ ਗੁਣਾਂ ਦਾ ਖ਼ਜ਼ਾਨਾ, ਵਾਹਗੁਰੂ ਪ੍ਰਾਪਤ ਹੁੰਦਾ ਹੈ - 'ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ।।' ਪੰਨਾ ੬੪੯ ਤੇ ਫ਼ੁਰਮਾਣ ਹੈ ਕਿ ਜਿਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਵਸਿਆ ਹੁੰਦਾ ਹੈ, ਨੌ ਨਿਧੀਆਂ, ਭਾਵ, ਖਜ਼ਾਨੇ ਅਤੇ ਅਠਾਰਾਂ ਸਿਧੀਆਂ ਉਸ ਦੇ ਪਿਛੇ ਲਗੀਆਂ ਰਹਿੰਦੀਆਂ ਹਨ - 'ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।।'

-- ਫ਼ਿਰ ਬਚਨ ਦੁਹਰਾਉਂਦੇ ਹਨ ਕਿ ਮਾਲਕ ਵਾਹਿਗੁਰੂ ਸੰਤ ਮੰਡਲ ਵਿਚ ਹੀ ਵਸਦਾ ਹੈ। ਸਾਧੂ ਸੰਤਾਂ ਦੇ ਨਾਲ ਸਿਰਫ਼ ਪਾਰਬ੍ਰਹਮ ਹੁੰਦਾ ਹੈ -

'ਸਾਧ ਕੈ ਸੰਗਿ ਕੇਵਲ ਪਾਰਬ੍ਰਹਮ।।', ਪੰਨਾ ੨੭੧.

- - ਉਹ ਵਾਹਗੁਰੂ, ਸੰਤਾਂ ਦੇ ਓਤ-ਪੋਤ ਹੁੰਦਾ ਹੈ। ਸੁਖਮਨੀ ਸਾਹਿਬ ਵਿਚ ਵੀ ਫ਼ੁਰਮਾਣ ਹੈ - 'ਪਾਰਬ੍ਰਹਮੁ ਸਾਧ ਰਿਦ ਬਸੈ।।', - 'ਸਾਧ ਕੈ ਸੰਗਿ ਕੇਵਲ ਪਾਰਬ੍ਰਹਮ।।' ਅਤੇ - 'ਗੋਬਿੰਦ ਭਗਤ ਕੈ ਮਨਿ ਬਿਸ੍ਰਾਮ।।', 'ਓਤਿ ਪੋਤਿ ਸੇਵਕ ਸੰਗਿ ਰਾਤਾ।।', ਪੰਨਾ ੧੦੧ ਅਤੇ ੮੯੨ ਪੰਨੇ ਤੇ ਫ਼ੁਰਮਾਣ ਕਰਦੇ ਹਨ - 'ਓਤਿ ਪੋਤਿ ਭਗਤਨ ਸੰਗਾਨਿ।।'

20.8.2020